ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
Guru Nanak Dev University, Amritsar
*(Established by the State Legislature Act No. 21 of 1969 and Accredited at "A" grade level by NAAC and awarded "University with Potential for Excellence" status by UGC)*

Phone 0183-2258833
-2258802-09 extension 3078
0183-2450601-14

ਨੰ: 880-1130/ਸੀ.ਡੀ.
ਮਿਤੀ. 7-1-2013

- ਮੁੱਖੀ ਸਾਹਿਬਾਨ, ਸਮੂੰਹ ਟੀਚਿੰਗ ਵਿਭਾਗ, ਯੂਨੀਵਰਸਿਟੀ ਕੈਪਸ; ਅੰਮ੍ਰਿਤਸਰ
- ਪ੍ਰਿੰਸੀਪਲ ਸਾਹਿਬਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸੰਬੰਧਿਤ ਸਮੂੰਹ ਕਾਲਜ
- ਐਸੋਸ਼ੀਏਟ ਡੀਨ ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਰੀਜ਼ਨਲ ਕੈਪਸ,, ਜਲੰਧਰ
- ਐਸੋਸ਼ੀਏਟ ਡੀਨ ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ, ਰੀਜ਼ਨਲ ਕੈਪਸ, ਗੁਰਦਾਸਪੁਰ
- ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ
- ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿਲ ਮੈਮੋਰੀਅਲ ਕਾਲਜ, ਮੁਕੰਦਪੁਰ
- ਪ੍ਰਿੰਸੀਪਲ, ਸ਼ਹੀਦ ਰਾਮ ਸਿੰਘ ਪਠਾਨੀਆ ਕਾਲਜ, ਨਿਆੜੀ, ਗੁਰਦਾਸਪੁਰ
- ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਬੇਬੇ ਨਾਨਕੀ ਕਾਲਜ, ਮਿੱਠੜਾ
- ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ
- ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ
- ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਕਾਲਜ, ਨਰੋਟ ਜੈਮਲ ਸਿੰਘ
- ਓ.ਐਸ.ਡੀ., ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜ਼ਨਲ ਕੈਪਸ, ਸਠਿਆਲਾ
- ਸਮੂੰਹ ਕੋਆਰਡੀਨੇਟਰ ਸਾਹਿਬਾਨ, ਸੈਟਰ ਫਾਰ ਕਪੈਸਟੀ ਐਨਹਾਂਸਮੈਂਟ ਪ੍ਰੋਗਰਾਮ ।

ਸ੍ਰੀ ਮਾਨ ਜੀ /ਸ੍ਰੀ ਮਤੀ ਜੀ,

ਅੰਡਰ-ਗਰੈਜੂਏਟ ਦੂਜਾ ਸਮੈਸਟਰ ਅਤੇ ਪੋਸਟ-ਗਰੈਜੂਏਟ ਦੂਜਾ ਅਤੇ ਚੌਥਾ ਸਮੈਸਟਰ ਦੀਆਂ ਸਾਰੀਆਂ ਰੈਗੂਲਰ ਅਤੇ ਪ੍ਰਾਈਵੇਟ ਪਰੀਖਿਆਵਾਂ ਮਿਤੀ 13-05-2013 ਤੋ ਆਰੰਭ ਹੋ ਰਹੀਆਂ ਹਨ । ਇਹਨਾਂ ਪਰੀਖਿਆਵਾਂ ਵਿੱਚ ਪ੍ਰਵੇਸ਼ ਹੋਣ ਵਾਲੇ ਸਾਰੇ ਰੈਗੂਲਰ ਅਤੇ ਪ੍ਰਾਈਵੇਟ ਪਰੀਖਿਆਰਥੀਆਂ ਦੇ ਦਾਖਲਾ ਫਾਰਮ ਅਤੇ ਦਾਖਲਾ ਫੀਸਾਂ ਪ੍ਰਾਪਤ ਕਰਨ ਦੀਆਂ ਮਿਤੀਆਂ ਹੇਠ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਹਨ ।

| Without late fee | With late fee of Rs.250/- | With late fee of Rs. 500/- | With late fee of Rs. 1000/- | With late fee of Rs. 2000/- | Rs. 1000/- per day |
|---|---|---|---|---|---|
| 25 Feb. 2013 | 26 Feb. to 08 Mar. 2013 | 09 March to 18 March 2013 | 19 March to 29 March 2013 | 30 March to 08 April 2013 | Ten days before the commencement of Exams. |

ਉਪਰੋਕਤ ਮਿਤੀਆਂ ਵਿੱਚ ਤਿੰਨ ਕੰਮ ਵਾਲੇ ਦਿਨ ਗਰੇਸ ਵਜੋ ਸ਼ਾਮਲ ਕਰ ਦਿੱਤੇ ਗਏ ਹਨ । ਇਸ ਲਈ ਗਰੇਸ ਪੀਰੀਅਡ ਵਜੋ ਕੋਈ ਹੋਰ ਵਾਧੂ ਸਮਾਂ ਨਹੀ ਦਿੱਤਾ ਜਾਵੇਗਾ ।

ਇਸਦੇ ਨਾਲ ਹੀ ਸਮੱਰਥ ਅਧਿਕਾਰੀਆਂ ਵੱਲੋ ਇਹ ਫੈਸਲਾ ਲਿਆ ਗਿਆ ਹੈ ਕਿ ਰੈਗੂਲਰ ਪਰੀਖਿਆਰਥੀਆਂ ਦੇ ਸਿਰਫ **ਪਹਿਲੇ ਸਮੈਸਟਰ** ਦੇ ਤਸਦੀਕ-ਸ਼ੁਦਾ ਦਾਖਲਾ ਫਾਰਮ ਹੀ ਯੂਨੀਵਰਸਿਟੀ ਵੱਲੋ ਲਏ ਜਾਣਗੇ । ਕਾਲਜਾਂ ਨੂੰ ਸੈਕੰਡ ਸਮੈਸਟਰ ਅਤੇ ਉਸ ਤੋ ਅਗਲੇ ਸਮੈਸਟਰਾਂ ਦੇ ਦਾਖਲਾ ਫਾਰਮ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਉਣ ਦੀ ਲੋੜ ਨਹੀ ਹੈ । ਇਸ ਦੀ ਥਾਂ ਤੇ ਕਾਲਜਾਂ ਵੱਲੋ ਆਪਣੇ ਰੈਗੂਲਰ ਪਰੀਖਿਆਰਥੀਆਂ ਦਾ ਵੇਰਵਾ, ਜਿਸ ਵਿੱਚ ਯੂਨੀਵਰਸਿਟੀ ਵੱਲੋ ਜਾਰੀ ਕੀਤਾ ਗਿਆ ਪਹਿਲੇ ਸਮੈਸਟਰ ਦਾ ਰੋਲ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

Guru Nanak Dev University, Amritsar

*(Established by the State Legislature Act No. 21 of 1969 and Accredited at "A" grade level by NAAC and awarded "University with Potential for Excellence" status by UGC)*

Phone 0183-2258833
-2258802-09 extension 3078
0183-2450601-14



ਨੰਬਰ, ਰਜਿਸਟਰੇਸ਼ਨ ਨੰਬਰ, ਪਰੀਖਿਆਰਥੀ ਦਾ ਨਾਮ, ਮਾਤਾ/ਪਿਤਾ ਦਾ ਨਾਮ, ਅਤੇ ਜਿਹੜੇ ਵਿਸ਼ੇ ਵਿਦਿਆਰਥੀ ਨੇ ਆਪਟ ਕੀਤੇ ਹਨ, ਉਹਨਾਂ ਦੀ ਲਿਸਟ ਕਲਾਸ-ਵਾਈਜ਼, ਰੋਲ ਨੰਬਰ ਵਾਈਜ਼ ਬਣਾ ਕੇ ਯੂਨੀਵਰਸਿਟੀ ਨੂੰ ਈ-ਮੇਲ gnduexam@gmail.com ਰਾਹੀਂ ਅਤੇ ਇਕ ਪਰਤ ਦਸਤੀ ਰੂਪ ਵਿੱਚ ਸੰਬੰਧਿਤ ਪਰੀਖਿਆ ਸ਼ਾਖਾ ਨੂੰ ਭੇਜੀ ਜਾਵੇਗੀ। **ਕਾਲਜਾਂ ਵੱਲੋ ਦਾਖਲਾ ਫੀਸਾਂ ਪਹਿਲਾਂ ਨਿਰਧਾਰਤ ਵਿਧੀ ਅਨੁਸਾਰ ਹੀ ਜਮ੍ਹਾਂ ਕਰਵਾਈਆਂ ਜਾਣਗੀਆਂ।** ਫੀਸਾਂ ਕਲਾਸ-ਵਾਈਜ਼ ਜਮ੍ਹਾਂ ਕਰਵਾਈਆਂ ਜਾਣਗੀਆਂ ਅਤੇ ਰਸੀਦਾਂ ਵਿਦਿਆਰਥੀਆਂ ਦੇ ਭੇਜੇ ਜਾਣ ਵਾਲੇ ਵੇਰਵਿਆਂ ਨਾਲ ਨੱਥੀ ਕਰਕੇ ਸੰਬੰਧਿਤ ਪਰੀਖਿਆ ਸ਼ਾਖਾਵਾਂ ਨੂੰ ਜਮ੍ਹਾਂ ਕਰਵਾਈਆਂ ਜਾਣਗੀਆਂ।

ਕਾਲਜਾਂ ਨੂੰ ਯੂਨੀਵਰਸਿਟੀ ਵੱਲੋ ਵਿਦਿਆਰਥੀਆਂ ਦੇ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ। ਇਸਦੀ ਥਾਂ ਤੇ ਕਾਲਜਾਂ ਨੂੰ ਯੂਨੀਵਰਸਿਟੀ ਵੱਲੋ ਪਰੀਖਿਆ ਵਿੱਚ ਪ੍ਰਵੇਸ਼ ਹੋਣ ਵਾਲੇ ਯੋਗ ਵਿਦਿਆਰਥੀਆਂ ਦੀ ਲਿਸਟ e-mail ਰਾਹੀ PDF form ਵਿੱਚ ਅਤੇ ਹਾਰਡ ਕਾਪੀ ਰਾਹੀ ਇਕ ਲਿਸਟ ਭੇਜੀ ਜਾਵੇਗੀ ਜਿਸਦੇ ਆਧਾਰ ਤੇ ਕਾਲਜ ਆਪਣੀ ਪੱਧਰ ਤੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਪ੍ਰਵੇਸ਼ ਹੋਣ ਦੀ ਆਗਿਆ ਦੇਵੇਗਾ। ਕਾਲਜ ਵੱਲੋ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਿਰਫ ਯੋਗ ਵਿਦਿਆਰਥੀਆਂ ਨੂੰ ਹੀ ਪ੍ਰੀਖਿਆ ਵਿੱਚ ਪ੍ਰਵੇਸ ਕਰਵਾਇਆ ਗਿਆ ਹੈ। ਯੂਨੀਵਰਸਿਟੀ ਵੱਲੋ ਹਰ ਵਿਦਿਆਰਥੀ ਨੂੰ ਸਿਰਫ ਪਹਿਲੇ ਸਮੈਸਟਰ ਵਿੱਚ ਹੀ ਰੋਲ ਨੰਬਰ ਅਲਾਟ ਕੀਤਾ ਜਾਵੇਗਾ ਤੇ ਬਾਕੀ ਸਾਰੇ ਸਮੈਸਟਰਾਂ ਲਈ ਉਹੋ ਰੋਲ ਨੰਬਰ ਸਥਿਰ ਰਹੇਗਾ ਜੋ ਕੋਰਸ ਖਤਮ ਹੋਣ ਤੱਕ ਚਲੇਗਾ।

**ਪ੍ਰਾਈਵੇਟ ਪਰੀਖਿਆਰਥੀ** ਆਪਣੇ **ਸਾਰੇ ਸਮੈਸਟਰਾਂ** ਦੇ ਦਾਖਲਾ ਫਾਰਮ ਅਤੇ ਦਾਖਲਾ ਫੀਸਾਂ ਯੂਨੀਵਰਸਿਟੀ ਦੀ ਵੈਬ-ਸਾਈਟ www.gnduadmissions.org ਰਾਹੀਂ ਭੇਜਣਗੇ। **ਪ੍ਰਾਈਵੇਟ ਪਰੀਖਿਆਰਥੀਆਂ ਵੱਲੋ ਸਿਰਫ ਪਹਿਲੇ ਸਮੈਸਟਰ ਦੇ ਦਾਖਲਾ ਫਾਰਮ ਦੀ ਫੋਟੋ ਸਹਿਤ ਤਸਦੀਕ-ਸੁਦਾ ਅਤੇ ਆਪਣੇ ਹਸਤਾਖਰਾਂ ਹੇਠ ਹਾਰਡ ਕਾਪੀ ਯੂਨੀਵਰਸਿਟੀ ਦਫਤਰ ਪਾਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਉਸ ਤੋ ਬਾਅਦ ਦੇ ਸਮੈਸਟਰਾਂ ਦੇ ਦਾਖਲਾ ਫਾਰਮ ਦੀ ਹਾਰਡ ਕਾਪੀ ਯੂਨੀਵਰਸਿਟੀ ਦੀਆਂ ਪਰੀਖਿਆ ਸ਼ਾਖਾਵਾਂ ਕੋਲ ਜਮ੍ਹਾਂ ਕਰਵਾਉਣ ਦੀ ਲੋੜ ਨਹੀ ਹੈ। ਜਦੋ ਪ੍ਰਾਈਵੇਟ ਵਿਦਿਆਰਥੀ ਆਨ-ਲਾਈਨ ਵਿਧੀ ਰਾਹੀ ਆਪਣਾ ਦਾਖਲਾ ਫਾਰਮ ਅਤੇ ਫੀਸ ਭਰਨਗੇ, ਉਸੇ ਸਮੇ ਹੀ ਉਸਦਾ ਰੋਲ ਨੰਬਰ-ਕਮ-ਹਾਲ ਟਿਕਟ ਪ੍ਰਿੰਟ ਹੋ ਜਾਵੇਗੀ ਅਤੇ ਪਰੀਖਿਆ ਵਿੱਚ ਪ੍ਰਵੇਸ਼ ਹੋਣ ਲਈ ਇਹ ਹਾਲ ਟਿਕਟ ਪ੍ਰੀਖਿਆ ਕੇਦਰ ਵਿੱਚ ਦਿਖਾਉਣੀ ਲਾਜ਼ਮੀ ਹੋਵੇਗੀ।**

ਹਿਤੂ,

( ਰਾਕੇਸ਼ ਕੁਮਾਰ ਮਹਾਜਨ )

ਪ੍ਰੋਫੈਸਰ ਇੰਚਾਰਜ ਪਰੀਖਿਆਵਾਂ